386733
2/9/22

FP
2/9/2022

DD(IT)
2/9/22
Sys Analyst

ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ
(ਇਮਾਰਤਾਂ ਤੇ ਸੜ੍ਹਕਾਂ-1 ਸ਼ਾਖਾ)

**ਪੰਜਾਬ ਦੇ ਰਾਜਪਾਲ ਜੀ ਦੇ ਹੁਕਮ**

ਵਿਭਾਗੀ ਤਰੱਕੀ ਕਮੇਟੀ ਦੀ ਮਿਤੀ 23.08.2022 ਨੂੰ ਹੋਈ ਮੀਟਿੰਗ ਵਿੱਚ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਦੇ ਸਨਮੁੱਖ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ) ਵਿੱਚ ਕੰਮ ਕਰਦੇ ਹੇਠ ਦਰਸਾਏ ਉਪ ਮੰਡਲ ਇੰਜੀਨੀਅਰ (ਬਿਜਲੀ) ਨੂੰ ਬਤੌਰ ਕਾਰਜਕਾਰੀ ਇੰਜੀਨੀਅਰ (ਬਿਜਲੀ) ਤਨਖਾਹ ਸਕੇਲ The Punjab Civil Services (Revised Pay) Rules, 2022 ਵਿੱਚ ਦਰਸਾਏ Schedule ਦੇ ਲੈਵਲ-23 (83,600-2,03,100 ਰੁਪਏ) ਵਿੱਚ ਹੇਠ ਅਨੁਸਾਰ ਪਦਉਨਤ ਕੀਤਾ ਜਾਂਦਾ ਹੈ:-

| ਲੜੀ ਨੰ. | ਨਾਮ | ਸੀਨੀਆਰਤਾ ਨੰ. | ਕੈਟਾਗਰੀ | ਵਿਸ਼ੇਸ਼ ਕਥਨ |
|---|---|---|---|---|
| 1. | ਸ੍ਰੀ ਰਾਜੇਸ਼ ਕੁਮਾਰ ਚਾਨਣਾ | 6 | ਜਨਰਲ | ਸੀਨੀਆਰਤਾ ਪੈਨਲ ਦੇ ਆਧਾਰ ਤੇ ਖਾਲੀ ਅਸਾਮੀ ਵਿਰੁੱਧ |

2. ਇਹ ਪਦਉਨਤੀ ਹੇਠ ਲਿਖੀਆਂ ਸ਼ਰਤਾਂ ਤੇ ਆਧਾਰਤ ਹੋਵੇਗੀ:-

I. ਇਸ ਅਸਾਮੀ ਤੇ ਪਦਉਨਤੀ ਉਪਰੰਤ ਪਰਖਕਾਲ ਦਾ ਸਮਾਂ ਇੱਕ ਸਾਲ ਦਾ ਹੋਵੇਗਾ।

II. ਇਹ ਪਦਉਨਤੀ ਮਾਨਯੋਗ ਸੁਪਰੀਮ ਕੋਰਟ ਵਲੋਂ 85ਵੀਂ ਸੰਵਿਧਾਨਕ ਸੋਧ ਦੇ ਸਬੰਧ ਵਿੱਚ ਮਿਤੀ 19.10.2016 ਨੂੰ ਦਿੱਤੇ ਫੈਸਲੇ ਦੀ ਰੋਸ਼ਨੀ ਵਿੱਚ ਪੰਜਾਬ ਸਰਕਾਰ ਵਲੋਂ ਜੋ ਨੀਤੀ ਨਿਰਧਾਰਤ ਕੀਤੀ ਜਾਵੇਗੀ, ਉਸ ਅਨੁਸਾਰ ਸੀਨੀਆਰਤਾ ਸਬੰਧੀ ਜਾਂ ਪ੍ਰਬੰਧਕੀ ਜਰੂਰਤਾਂ ਦੇ ਆਧਾਰ ਤੇ ਜੇਕਰ ਕੋਈ ਤਬਦੀਲੀ ਆਈ, ਤਾਂ ਇਹ ਪਦਉਨਤੀ ਮੁੜ ਵਿਚਾਰੀ ਜਾ ਸਕਦੀ ਹੈ।

III. ਜੇਕਰ ਅਧਿਕਾਰੀ ਪਦਉਨਤੀ ਲੈਣ ਤੋਂ ਇਨਕਾਰ ਕਰਦਾ ਹੈ ਤਾਂ ਉਸ ਨੂੰ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾ ਸ਼ਰਤਾਂ) ਨਿਯਮ, 1994 ਦੇ ਰੂਲ-18(2) ਅਧੀਨ 02 ਸਾਲ ਲਈ ਡੀਬਾਰ ਕੀਤਾ ਜਾਵੇਗਾ।

IV. ਵੱਖ-ਵੱਖ ਮਾਨਯੋਗ ਅਦਾਲਤਾਂ ਵਿੱਚ ਚੱਲ ਰਹੇ ਕੋਰਟ ਕੇਸਾਂ ਵਿੱਚ ਹੋਣ ਵਾਲੇ ਫੈਸਲਿਆਂ ਜਾਂ ਰਿਕਾਰਡ ਦੇ ਆਧਾਰ ਤੇ ਕੋਈ ਨਵੇਂ ਤੱਥ ਸਰਕਾਰ ਦੇ ਧਿਆਨ ਵਿੱਚ ਆਉਂਦੇ ਹਨ ਤਾਂ ਉਕਤ ਪਦਉਨਤੀਆਂ ਨੂੰ ਮੁੜ ਵਿਚਾਰਨ ਦਾ ਸਰਕਾਰ ਦਾ ਹੱਕ ਰਾਖਵਾਂ ਹੋਵੇਗਾ ਅਤੇ ਬਿਨ੍ਹਾਂ ਕਿਸੇ ਨੋਟਿਸ ਤੋਂ ਸਬੰਧਤ ਅਧਿਕਾਰੀ/ਅਧਿਕਾਰੀਆਂ ਨੂੰ ਫੀਡਰ ਕਾਡਰ ਦੀ ਆਸਾਮੀ ਤੇ ਰਿਵਰਟ ਕਰ ਦਿੱਤਾ ਜਾਵੇਗਾ।

3. ਜੇਕਰ ਇਸ ਕਾਡਰ ਦਾ ਡੈਪੂਟੇਸ਼ਨ ਤੇ ਗਿਆ ਕੋਈ ਅਧਿਕਾਰੀ ਵਾਪਸ ਪਿਤਰੀ ਵਿਭਾਗ ਵਿੱਚ ਜੁਆਇੰਨ ਕਰਦਾ ਹੈ ਜਾਂ ਕਿਸੇ ਵੀ ਹੋਰ ਕਾਰਨ ਕਰਕੇ ਆਸਾਮੀਆਂ ਖਾਲੀ ਨਾ ਹੋਣ ਦੀ ਸੂਰਤ ਵਿੱਚ ਸਭ ਤੋਂ ਜੂਨੀਅਰ ਅਧਿਕਾਰੀ ਨੂੰ ਫੀਡਰ ਕਾਡਰ ਦੀ ਆਸਾਮੀ ਤੇ ਰਿਵਰਟ ਕਰ ਦਿੱਤਾ ਜਾਵੇਗਾ।

4. ਇਹ ਹੁਕਮ ਤੁਰੰਤ ਲਾਗੂ ਹੋਣਗੇ ਅਤੇ ਅਧਿਕਾਰੀ ਆਪਣੀ ਹਾਜ਼ਰੀ ਰਿਪੋਰਟ ਸਰਕਾਰ ਨੂੰ ਪੇਸ਼ ਕਰੇਗਾ।

5. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

**ਮਿਤੀ,ਚੰਡੀਗੜ੍ਹ,**
**25.08.2022**

**ਅਨੁਰਾਗ ਵਰਮਾ, ਆਈ.ਏ.ਐਸ**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ (ਭ ਤੇ ਮ)**

**ਪਿ.ਅੰ.ਨੰ.:1/50/2021-ਇਸ1(2) /2048-2053** **ਮਿਤੀ, ਚੰਡੀਗੜ੍ਹ: 26.08.2022**

ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

I. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

II. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।

III. ਮੁੱਖ ਇੰਜੀਨੀਅਰ (ਹੈ.ਕੁ) ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ ), ਪਟਿਆਲਾ।

IV ਮੁੱਖ ਇੰਜੀਨੀਅਰ (Elect.) ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ), ਚੰਡੀਗੜ੍ਹ ।

V. ਸ੍ਰੀ ਕਰਮਜੀਤ ਸਿੰਘ, ਡਿਪਟੀ ਡਾਇਰੈਕਟਰ, ਪੀ.ਆਰ.ਬੀ.ਡੀ.ਬੀ. ਪੰਜਾਬ ਲੋਕ ਨਿਰਮਾਣ ਵਿਭਾਗ (ਭਤੇ ਮ) ਐਸ.ਸੀ.ਓ. ਨੰ. 61-32, ਫੇਜ਼-2, ਐਸ.ਏ.ਐਸ ਨਗਰ ਮੋਹਾਲੀ ਨੂੰ ਵਿਭਾਗ ਦੀ ਵੈਬ-ਸਾਈਟ ਤੇ ਅਪਲੋਡ ਕਰਨ ਹਿੱਤ।

VI. ਸਬੰਧੀ ਅਧਿਕਾਰੀ ਮਾਰਫਤ, ਮੁੱਖ ਇੰਜੀਨੀਅਰ (Elect.), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ) ਚੰਡੀਗੜ੍ਹ।

**ਅਧੀਨ ਸਕੱਤਰ, ਲੋਕ ਨਿਰਮਾਣ**

ਅੰਦਰੂਨੀ ਵੰਡ:-

1. ਵਿਸ਼ੇਸ਼ ਸਕੱਤਰ/ ਲੋਕ ਨਿਰਮਾਣ ਮੰਤਰੀ ਜੀ;
2. ਨਿ.ਸ./ ਪ੍ਰਮੁੱਖ ਸਕੱਤਰ, ਲੋਕ ਨਿਰਮਾਣ;
3. ਨਿ.ਸ./ ਸਕੱਤਰ, ਲੋਕ ਨਿਰਮਾਣ ;
4. ਸ.ਸ.ਸ./ ਅਧੀਨ ਸਕੱਤਰ, ਲੋਕ ਨਿਰਮਾਣ;
5. ਸੁਪਰਡੰਟ, ਇਮਾਰਤਾਂ ਤੇ ਸੜ੍ਹਕਾਂ-3 ਸ਼ਾਖਾ।

383296
26.8.22

DD(IT)

# ਦਫਤਰ: ਮੁੱਖ ਇੰਜੀਨੀਅਰ, ਪੰਜਾਬ,ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ ਪਟਿਆਲਾ।

26/8/22
Sys Analyst

ਦਫਤਰੀ ਹੁਕਮ ਨੰ: 641 /ਅ-III ਮਿਤੀ: 17/8/22

ਪ੍ਰਬੰਧਕੀ ਜਰੂਰਤਾ ਨੂੰ ਮੁੱਖ ਰੱਖਦੇ ਹੋਏ ਸ੍ਰੀ ਜਤਿੰਦਰ ਸਿੰਘ ਜੂਨੀਅਰ ਡਰਾਫਟਸਮੈਨ ਪੀ.ਐਮ.ਜੀ.ਐਸ.ਵਾਈ.ਸ਼ਾਖਾ ਮੁੱਖ ਦਫਤਰ ਪਟਿਆਲਾ ਦੀ ਤੈਨਾਤੀ ਡਰਾਇੰਗ ਭਾਗ (ਬਰਿਜ ਡਿਜਾਇਨ-1) ਮੁੱਖ ਦਫਤਰ ਪਟਿਆਲਾ ਵਿਖੇ ਕੀਤੀ ਜਾਂਦੀ ਹੈ।

ਇਹ ਹੁਕਮ ਤੁਰੰਤ ਲਾਗੂ ਹੋਣਗੇ। ਕਰਮਚਾਰੀ ਦੀ ਹਾਜਰੀ/ਰਵਾਨਗੀ ਰਿਪੋਰਟ ਸਬੰਧੀ ਇਸ ਭਾਗ ਨੂੰ ਸੂਚਿਤ ਕੀਤਾ ਜਾਵੇ ਜੀ।

ਇੰਜੀ:ਅਰੁਣ ਕੁਮਾਰ
ਮੁੱਖ ਇੰਜੀਨੀਅਰ (ਹੈੱਡਕੁਆਟਰ) ਪੰਜਾਬ
ਲੋਕ ਨਿਰਮਾਣ ਵਿਭਾਗ (ਭ ਤੇ ਮ) ਸ਼ਾਖਾ,
ਪਟਿਆਲਾ।

ਪਿੱਠ ਅੰਕਣ ਨੰ: 7463-69 /ਅ-III ਮਿਤੀ: 17/8/22

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਪੀ.ਏ.ਟੂ ਮੁੱਖ ਇੰਜੀਨੀਅਰ (ਹੈੱਡਕੁਆਟਰ) ਮੁੱਖ ਦਫਤਰ, ਪਟਿਆਲਾ।
2. ਨਿਗਰਾਨ ਇੰਜੀਨੀਅਰ (ਐਚ.ਆਰ.ਡੀ) ਮੁੱਖ ਦਫਤਰ, ਪਟਿਆਲਾ।
3. ਕਾਰਜਕਾਰੀ ਇੰਜੀਨੀਅਰ ਡਰਾਇੰਗ ਭਾਗ (ਬਰਿਜ ਡਿਜਾਇਨ-1) ਮੁੱਖ ਦਫਤਰ ਪਟਿਆਲਾ।
4. ਸੇਵਾ ਪੱਤਰੀ ਸਹਾਇਕ, ਮੁੱਖ ਦਫਤਰ ਪਟਿਆਲਾ।
5. ਡਿਪਟੀ ਡਾਇਰੈਕਟਰ (ਆਈ.ਟੀ.) ਪੀ.ਆਰ.ਬੀ.ਡੀ.ਬੀ.ਮੋਹਾਲੀ ਨੂੰ ਵਿਭਾਗ ਦੀ ਵੈਬਸਾਈਡ ਤੇ ਅਪਲੋਡ ਕਰਨ ਹਿੱਤ।
6. ਭਾਗ ਮੁੱਖੀ ਡਰਾਇੰਗ ਭਾਗ (ਬਰਿਜ ਡਿਜਾਇਨ-1) ਮੁੱਖ ਦਫਤਰ, ਪਟਿਆਲਾ।
7. ਸਬੰਧਤ ਕਰਮਚਾਰੀ।

ਸੁਪਰਡੰਟ(ਅਮਲਾ ਭਾਗ-III)
ਵਾ: ਮੁੱਖ ਇੰਜੀਨੀਅਰ ਪੰਜਾਬ, ਲੋਕ ਨਿਰਮਾਣ ਵਿਭਾਗ
ਭਵਨ ਤੇ ਮਾਰਗ ਸ਼ਾਖਾ, ਪਟਿਆਲਾ।
17/8

381397
22.8.22

FP
22/8/2022

DD(IT)
22/8/22

**ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ**
**(ਇਮਾਰਤਾਂ ਅਤੇ ਸੜਕਾਂ-1 ਸ਼ਾਖਾ)**

**ਹੁਕਮ**

SA

ਸ਼੍ਰੀ ਸੰਦੀਪ ਸਿੰਘ ਗਰੇਵਾਲ, ਬਾਗਬਾਨੀ ਵਿਕਾਸ ਅਫਸਰ, ਡਾਇਰੈਕਟੋਰੇਟ ਬਾਗਬਾਨੀ ਪੰਜਾਬ ਜੋ ਕਿ ਡੈਪੁਟੇਸ਼ਨ ਤੇ ਬਤੌਰ ਕਾਰਜਕਾਰੀ ਇੰਜੀਨੀਅਰ(ਬਾਗਬਾਨੀ) ਲੋਕ ਨਿਰਮਾਣ ਵਿਭਾਗ(ਭਵਨ ਤੇ ਮਾਰਗ) ਵਿੱਚ ਤੈਨਾਂਤ ਹਨ, ਨੂੰ ਲੋਕ ਨਿਰਮਾਣ ਵਿਭਾਗ(ਭਵਨ ਤੇ ਮਾਰਗ) ਵਿੱਚੋ ਤੁਰੰਤ ਪ੍ਰਭਾਵ ਤੋ ਰਲੀਵ ਕੀਤਾ ਜਾਂਦਾ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਪਿੱਤਰੀ ਵਿਭਾਗ ਵਿਖੇ ਜੁਆਇੰਨ ਕੀਤਾ ਜਾਵੇ।

2. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

**ਮਿਤੀ, ਚੰਡੀਗੜ੍ਹ**
**05-08-2022**

**ਅਨੁਰਾਗ ਵਰਮਾ, ਆਈ.ਏ.ਐਸ.,**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ (ਭ ਤੇ ਮ)**

ਪਿੱਠ.ਅੰ. ਨੰ: 09/22/2018-ਏਸ1(3)/ 1928-1931 ਮਿਤੀ, ਚੰਡੀਗੜ੍ਹ: 16/8/2022

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ (ਹੈ.ਕੁ) ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ ਨੂੰ ਉਨ੍ਹਾਂ ਦੇ ਪੱਤਰ ਨੰ: 6190/ਅ-1, ਮਿਤੀ: 20-07-2022 ਦੇ ਹਵਾਲੇ ਵਿੱਚ।
2. ਡਾਇਰੈਕਟਰ, ਬਾਗਬਾਨੀ ਵਿਭਾਗ, ਪੰਜਾਬ, ਮੋਹਾਲੀ।
3. ਸਬੰਧਤ ਅਧਿਕਾਰੀ (ਮਾਰਫਤ: ਮੁੱਖ ਇੰਜ਼ੀਨੀਅਰ (ਹੈ.ਕੁ), ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ), ਪਟਿਆਲਾ)
4. ਡਿਪਟੀ ਡਾਇਰੈਕਟਰ, ਪੀ.ਆਰ.ਬੀ.ਡੀ.ਬੀ. ਫੇਜ-2 ਮੋਹਾਲੀ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਵਿਭਾਗ ਦੀ ਵੈੱਬ ਸਾਈਟ ਤੇ ਪਾਉਣ ਉਪਰੰਤ ਰਿਪੋਰਟ ਸਰਕਾਰ ਨੂੰ ਭੇਜੀ ਜਾਵੇ।

16/8
ਸੁਪਰਡੰਟ
ਨਿੰਮ

ਅੰਦਰੂਨੀ ਵੰਡ:-

i. ਵਿਸ਼ੇਸ਼ ਸਕੱਤਰ/ ਲੋਕ ਨਿਰਮਾਣ ਮੰਤਰੀ, ਪੰਜਾਬ
ii. ਨਿੱਜੀ ਸਕੱਤਰ/ ਪ੍ਰਮੁੱਖ ਸਕੱਤਰ, ਲੋਕ ਨਿਰਮਾਣ (ਭ ਤੇ ਮ)
iii. ਨਿੱਜੀ ਸਹਾਇਕ/ ਸਕੱਤਰ, ਲੋਕ ਨਿਰਮਾਣ (ਭ ਤੇ ਮ)
iv. ਨਿੱਜੀ ਸਹਾਇਕ/ ਅਧੀਨ ਸਕੱਤਰ, ਲੋਕ ਨਿਰਮਾਣ (ਭ ਤੇ ਮ)

378154
10/8/22

DD(IT)
10/8/22

FN
10/8/2022

ਦਫ਼ਤਰ: ਮੁੱਖ ਇੰਜੀਨੀਅਰ, ਪੰਜਾਬ, ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ) ਸ਼ਾਖਾ, ਪਟਿਆਲਾ।

SA

ਦਫ਼ਤਰੀ ਹੁਕਮ ਨੰ: 616 /ਅ-III ਮਿਤੀ: 01/08/2022

ਪ੍ਰਬੰਧਕੀ ਜਰੂਰਤਾ ਨੂੰ ਮੁੱਖ ਰੱਖਦੇ ਹੋਏ ਸ੍ਰੀ ਸੰਦੀਪ ਕੁਮਾਰ ਗਰਗ, ਸੀਨੀਅਰ ਸਹਾਇਕ ਰੂਟੀਨ/ਜਰਨਲ ਸ਼ਾਖਾ ਮੁੱਖ ਦਫਤਰ ਪਟਿਆਲਾ ਨੂੰ ਆਪਣੇ ਕੰਮ ਦੇ ਨਾਲ-ਨਾਲ ਅਗਲੇ ਹੁਕਮਾਂ ਤੱਕ ਅਮਲਾ ਭਾਗ-1 ਵਿੱਚ ਸੀਨੀਅਰ ਸਹਾਇਕ ਦੀ ਖਾਲੀ ਪਈ ਅਸਾਮੀ ਦਾ ਵਾਧੂ ਚਾਰਜ ਦਿੱਤਾ ਜਾਂਦਾ ਹੈ। ਇਸ ਵਾਧੂ ਕੰਮ ਦੇ ਇਵਜ ਵਜੋ ਕਰਮਚਾਰੀ ਨੂੰ ਕੋਈ ਵਾਧੂ ਵਿੱਤੀ ਲਾਭ ਨਹੀ ਦਿਤਾ ਜਾਵੇਗਾ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਇੰਜੀ:ਅਰੁਣ ਕੁਮਾਰ
ਮੁੱਖ ਇੰਜੀਨੀਅਰ (ਹੈੱਡਕੁਆਟਰ) ਪੰਜਾਬ
ਲੋਕ ਨਿਰਮਾਣ ਵਿਭਾਗ (ਭ ਤੇ ਮ) ਸ਼ਾਖਾ,
ਪਟਿਆਲਾ।

ਪਿੱਠ ਅੰਕਣ ਨੰ: 6745-6751 /ਅ-III ਮਿਤੀ: 01/08/2022

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਪੀ.ਏ.ਟੂ ਮੁੱਖ ਇੰਜੀਨੀਅਰ(ਹੈੱਡਕੁਆਟਰ) ਮੁੱਖ ਦਫਤਰ, ਪਟਿਆਲਾ।
2. ਡਿਪਟੀ ਡਾਇਰੈਕਟਰ(ਪ੍ਰਸ਼ਾਸਨ), ਮੁੱਖ ਦਫਤਰ, ਪਟਿਆਲਾ।
3. ਰਜਿਸਟਰਾਰ, ਮੁੱਖ ਦਫਤਰ ਪਟਿਆਲਾ।
4. ਸੁਪਰਡੰਟ ਅਮਲਾ ਭਾਗ-1/ਰੂਟੀਨ/ਜਰਨਲ, ਮੁੱਖ ਦਫਤਰ, ਪਟਿਆਲਾ।
5. ਡਿਪਟੀ ਡਾਇਰੈਕਟਰ (ਆਈ.ਟੀ.)ਪੀ.ਆਰ.ਬੀ.ਡੀ.ਬੀ.ਮੋਹਾਲੀ ਨੂੰ ਵਿਭਾਗ ਦੀ ਵੈਬਸਾਈਡ ਤੇ ਅਪਲੋਡ ਕਰਨ ਹਿੱਤ।
6. ਸ੍ਰੀ ਸੰਦੀਪ ਕੁਮਾਰ ਗਰਗ, ਸੀਨੀਅਰ ਸਹਾਇਕ, ਮੁੱਖ ਦਫਤਰ, ਪਟਿਆਲਾ।

ਸੁਪਰਡੰਟ(ਅਮਲਾ ਭਾਗ-III)
ਵਾ: ਮੁੱਖ ਇੰਜੀਨੀਅਰ ਪੰਜਾਬ, ਲੋਕ ਨਿਰਮਾਣ ਵਿਭਾਗ
ਭਵਨ ਤੇ ਮਾਰਗ ਸ਼ਾਖਾ, ਪਟਿਆਲਾ।

Scanned with CamScanner